RICH'S®

# ਤੁਹਾਡੀ ਜ਼ਿੰਦਗੀ। ਤੁਹਾਡੀਆਂ ਜ਼ਰੂਰਤਾਂ। ਤੁਹਾਡੇ ਲਾਭ।



myRewards | ਜੀਵਨ ਭਰ ਲਈ ਇੱਕ ਵਿਧੀ।

ਲਾਭ • ਤੰਦਰੁਸਤੀ • ਮਾਨਤਾ • ਮੁਆਵਜ਼ਾ • ਰਿਟਾਇਰਮੈਂਟ

## 2027 ਲਈ ਤੁਹਾਡੇ ਲਾਭਾਂ ਦੀ ਚੋਣ ਕਰਨ ਦਾ ਸਮਾਂ ਲਗਭਗ ਆ ਗਿਆ ਹੈ

Rich's ਤੁਸੀਂ ਜਿੱਥੇ ਵੀ ਹੋ ਓਥੇ ਹੀ ਤੁਹਾਨੂੰ ਮਿਲਣ ਲਈ ਤਿਆਰ ਕੀਤੇ ਗਏ ਲਾਭਾਂ ਦੀ ਪੇਸ਼ਕਸ਼ ਕਰਦਾ ਹੈ—ਚੁਣਨ ਲਈ ਮੌਜੂਦ ਅਜਿਹੇ ਵਿਕਲਪਾਂ ਦੇ ਨਾਲ ਜੋ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਸਭ ਤੋਂ ਵੱਧ ਮਾਅਨੇ ਰੱਖਦੇ ਹੋਣ।

OCTOBER 26 – NOVEMBER 6

YOUR Benefits, YOUR WAY

COMPARE – DECIDE – ENROLL

## 2027 ਲਈ ਨਵਾਂ ਕੀ ਹੈ

ਇੱਥੇ ਦੱਸਿਆ ਜਾ ਰਿਹਾ ਹੈ ਕਿ ਨਵਾਂ ਕੀ ਹੈ ਅਤੇ ਆਪਣੇ ਲਾਭਾਂ ਦੀ ਪੜਚੋਲ ਕਰਦੇ ਸਮੇਂ ਅਤੇ ਆਪਣੀਆਂ ਚੋਣਾਂ ਕਰਦੇ ਸਮੇਂ ਤੁਹਾਨੂੰ ਕੀ ਜਾਣਨ ਦੀ ਜ਼ਰੂਰਤ ਹੈ।

**ਤੁਹਾਨੂੰ ਧਿਆਨ ਵਿੱਚ ਰੱਖਦੇ ਹੋਏ ਲਾਭ**
ਅਸੀਂ ਆਪਣੀਆਂ ਮੈਡੀਕਲ ਯੋਜਨਾਵਾਂ ਨੂੰ ਬਾਜ਼ਾਰ ਦੇ ਅਨੁਸਾਰ ਬਣਾਉਣ ਲਈ ਸੁਧਾਰ ਰਹੇ ਹਾਂ, ਜਦੋਂ ਕਿ ਯੋਗਦਾਨ ਵਿੱਚ ਵਾਧੇ ਨੂੰ ਸੀਮਤ ਕਰ ਰਹੇ ਹਾਂ। ਦੰਦਾਂ ਅਤੇ ਨਜ਼ਰ ਸੰਬੰਧੀ ਯੋਜਨਾਵਾਂ—ਅਤੇ ਉਨ੍ਹਾਂ ਦੀਆਂ ਲਾਗਤਾਂ—ਉਹੀ ਰਹਿਣਗੀਆਂ।

**ਸਾਡੇ ਨਵੇਂ ਜੀਵਨ ਚੱਕਰ ਵਿਸ਼ੇਸ਼ ਸਿਹਤ ਵਿਕਰੇਤਾ ਦਾ ਆਗਮਨ**
ਅਸੀਂ ਜੀਵਨ ਦੇ ਹਰ ਪੜਾਅ ਦਾ ਸਮਰਥਨ ਕਰਨ ਲਈ Carrot ਦੇ ਨਾਲ ਨਵੇਂ ਅਤੇ ਵਿਸਤਾਰ ਕੀਤੇ ਹੋਏ ਲਾਭ ਸ਼ੁਰੂ ਕਰ ਰਹੇ ਹਾਂ, ਜਿਸ ਵਿੱਚ ਪ੍ਰਜਣਨ ਸ਼ਕਤੀ, ਬੱਚਾ ਗੋਦ ਲੈਣਾ, ਪਰਿਵਾਰਕ ਦੇਖਭਾਲ, ਬੱਚਿਆਂ ਦਾ ਪਾਲਣ-ਪੋਸ਼ਣ, ਬੱਚਿਆਂ ਦੀ ਦੇਖਭਾਲ, ਮੀਨੋਪੌਜ਼ (ਮਾਹਵਾਰੀ ਦਾ ਸਥਾਈ ਤੌਰ 'ਤੇ ਬੰਦ ਹੋਣਾ), ਮਰਦਾਂ ਦੀ ਸਿਹਤ, ਅਤੇ ਹੋਰ ਬਹੁਤ ਕੁਝ ਸ਼ਾਮਲ ਹੈ।

**GLP-1 ਕਵਰੇਜ ਲਈ ਵਿਚਾਰਸ਼ੀਲ ਅੱਪਡੇਟ**
ਅਸੀਂ ਇਸ ਕਵਰੇਜ ਨੂੰ ਉਪਲਬਧ ਰੱਖਣ ਵਿੱਚ ਮਦਦ ਕਰਨ ਲਈ ਬਦਲਾਅ ਕਰ ਰਹੇ ਹਾਂ, ਜਿਸ ਵਿੱਚ ਨਵੀਆਂ ਪੂਰਵ ਅਖਤਿਆਰਕਰਨ ਲੋੜਾਂ ਅਤੇ ਲਾਗਤ ਸਾਂਝੀ ਕਰਨ ਦੀ ਅੱਪਡੇਟ ਕੀਤੀ ਪ੍ਰਕਿਰਿਆ ਸ਼ਾਮਲ ਹੈ। ਪ੍ਰਭਾਵਿਤ ਸਹਿਯੋਗੀਆਂ ਨੂੰ ਸਿੱਧੇ Evernorth (ਪਹਿਲਾਂ ਇਸਨੂੰ ESI ਕਹਿੰਦੇ ਸੀ) ਤੋਂ ਡਾਕ ਰਾਹੀਂ ਵੇਰਵੇ ਪ੍ਰਾਪਤ ਹੋਣਗੇ।

**ਹੋਰ ਜੀਵਨ ਬੀਮਾ ਵਿਕਲਪ—ਅਤੇ ਬੱਚਤਾਂ**
ਸਪਲੀਮੈਂਟਲ ਲਾਈਫ਼ ਇੰਸ਼ੋਰੈਂਸ ਹੁਣ 2 ਮਿਲੀਅਨ ਡਾਲਰ ਤੱਕ ਉਪਲਬਧ ਹੋਵੇਗਾ, ਜਿਸ ਵਿੱਚ ਕਵਰੇਜ ਦੀ ਲਾਗਤ ਘੱਟ ਹੋਵੇਗੀ, ਅਤੇ ਨਿਰਭਰ ਲਾਈਫ਼ ਕਵਰੇਜ ਲਈ ਵਾਧੂ ਵਿਕਲਪ ਵੀ ਉਪਲਬਧ ਹੋਣਗੇ।

**ਸਭ ਤੋਂ ਮਹੱਤਵਪੂਰਨ ਚੀਜ਼ ਵਿੱਚ ਨਿਵੇਸ਼ ਕਰਨਾ**
ਅਸੀਂ ਲਗਾਤਾਰ ਮੁਲਾਂਕਣ ਕਰ ਰਹੇ ਹਾਂ ਕਿ ਸਾਡੇ ਲਾਭ ਕਿੱਥੇ ਸਭ ਤੋਂ ਵੱਧ ਪ੍ਰਭਾਵ ਪਾ ਸਕਦੇ ਹਨ। ਇਹਨਾਂ ਤਬਦੀਲੀਆਂ ਦੇ ਹਿੱਸੇ ਵਜੋਂ, ਅਸੀਂ 2026 ਦੇ ਅੰਤ ਵਿੱਚ 2nd.MD ਅਤੇ Care@Work ਨਾਲ ਆਪਣੀਆਂ ਸਾਂਝੇਦਾਰੀਆਂ ਨੂੰ ਖਤਮ ਕਰ ਦੇਵਾਂਗੇ, ਅਤੇ ਇਸ ਸਾਲ ਯੋਜਨਾ ਵਿੱਚ ਆਉਣ ਵਾਲੀਆਂ ਤਬਦੀਲੀਆਂ ਵਿੱਚ ਉਹਨਾਂ ਸਰੋਤਾਂ ਦਾ ਪੁਨਰ ਨਿਵੇਸ਼ ਕਰਾਂਗੇ।

**Collective Health ਅਨੁਭਵ ਨੂੰ ਮਜ਼ਬੂਤ ਕਰਨਾ**
Collective Health ਸਵਾਲਾਂ ਨੂੰ ਤੇਜ਼ੀ ਨਾਲ ਹੱਲ ਕਰਨ ਅਤੇ Rich's ਦੇ ਹਰੇਕ ਸਹਿਯੋਗੀ ਲਈ ਇੱਕ ਵਧੇਰੇ ਵਿਅਕਤੀਗਤ ਅਨੁਭਵ ਬਣਾਉਣ ਵਿੱਚ ਮਦਦ ਕਰਨ ਲਈ ਹੋਰ ਸਿਖਲਾਈ, ਸਹਾਇਤਾ ਅਤੇ ਸਰੋਤ ਜੋੜ ਰਹੀ ਹੈ।

# ਮੁੱਖ ਸਰੋਤ

## ਆਪਣੇ ਵਿਕਲਪਾਂ ਦੀ ਪੜਚੋਲ ਕਰੋ

ਖੁੱਲ੍ਹਾ ਦਾਖਲਾ (Open Enrollment) ਸ਼ੁਰੂ ਹੋਣ ਤੋਂ ਪਹਿਲਾਂ ਯੋਜਨਾਵਾਂ ਦੀ ਤੁਲਨਾ ਕਰਨ, ਵਿਕਰੇਤਾ ਸਰੋਤਾਂ ਦੀ ਪੜਚੋਲ ਕਰਨ, ਅਤੇ ਸੋਚ-ਸਮਝਕੇ ਫੈਸਲੇ ਲੈਣ ਲਈ ਲੋੜੀਂਦੀ ਸਮਝ ਪ੍ਰਾਪਤ ਕਰਨ ਵਾਸਤੇ ਸਾਡੀ ਅੱਪਡੇਟ ਕੀਤੀ ਲਾਭਾਂ ਬਾਰੇ ਵੈੱਬਸਾਈਟ, **MyRichsBenefits.com**, 'ਤੇ ਜਾਓ।

MyRichsBenefits.com 'ਤੇ ਜਾਣ ਲਈ ਸਕੈਨ ਕਰੋ

## ਨਾਮ ਦਰਜ ਕਰਾਉਣ ਤੋਂ ਪਹਿਲਾਂ ਜਾਣੋ

9 ਅਕਤੂਬਰ ਤੋਂ, ਕਵਰ ਕੀਤੀਆਂ ਜਾਂਦੀਆਂ ਤਜਵੀਜ਼ਾਂ (prescriptions) ਅਤੇ ਉਨ੍ਹਾਂ ਦੀਆਂ ਲਾਗਤਾਂ ਦੀ ਪੜਚੋਲ ਕਰਨ, ਨੈੱਟਵਰਕ ਵਿਚਲੇ ਪ੍ਰਦਾਨਕਾਂ ਨੂੰ ਲੱਭਣ, ਯੋਜਨਾ ਵੇਰਵਿਆਂ ਦੀ ਸਮੀਖਿਆ ਕਰਨ ਅਤੇ ਹੋਰ ਬਹੁਤ ਕੁਝ ਕਰਨ ਲਈ Collective Health ਅਤੇ Express Scripts by Evernorth ਪੂਰਵ-ਝਲਕ ਸਾਈਟਾਂ 'ਤੇ ਜਾਓ। ਸ਼ੁਰੂਆਤ ਕਰਨ ਲਈ ਹੇਠਾਂ ਦਿੱਤੇ QR ਕੋਡ ਸਕੈਨ ਕਰੋ।

Collective Health ਪੂਰਵ-ਝਲਕ ਸਾਈਟ 'ਤੇ ਜਾਣ ਲਈ ਸਕੈਨ ਕਰੋ

Express Scripts by Evernorth ਪੂਰਵ-ਝਲਕ ਸਾਈਟ 'ਤੇ ਜਾਣ ਲਈ ਸਕੈਨ ਕਰੋ

## ਕੀ ਮਦਦ ਦੀ ਲੋੜ ਹੈ?

Collective Health ਕੋਲ ਮਾਹਰਾਂ ਦੀ ਇੱਕ ਟੀਮ ਹੈ ਜੋ ਤੁਹਾਡੇ ਮੈਡੀਕਲ ਅਤੇ ਫਾਰਮੇਸੀ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਹੈ। ਤੁਸੀਂ ਇਸ ਨੰਬਰ ਨੂੰ ਕਾਲ ਕਰਕੇ Collective Health ਨਾਲ ਸੰਪਰਕ ਕਰ ਸਕਦੇ ਹੋ: **1-855-242-5559.**

ਸਮੂਹਕ ਸੌਦੇਬਾਜ਼ੀ ਸਮਝੌਤੇ (Collective Bargaining Agreement) (CBA) ਦੁਆਰਾ ਕਵਰ ਕੀਤੇ ਗਏ ਸਹਿਯੋਗੀਆਂ ਨੂੰ ਆਪਣੇ ਪਲਾਨ ਦੇ ਖਾਸ ਵੇਰਵਿਆਂ ਲਈ ਆਪਣੇ ਸਮਝੌਤੇ ਨੂੰ ਦੇਖਣਾ ਚਾਹੀਦਾ ਹੈ।

## ਤਿਆਰ ਹੋ ਜਾਓ

**ਖੁੱਲ੍ਹਾ ਦਾਖ਼ਲਾ (Open Enrollment) ਸੋਮਵਾਰ, 26 ਅਕਤੂਬਰ ਤੋਂ ਸ਼ੁਰੂ ਹੋਵੇਗਾ ਅਤੇ ਸ਼ੁੱਕਰਵਾਰ, 6 ਨਵੰਬਰ ਨੂੰ ਸਮਾਪਤ ਹੋ ਜਾਵੇਗਾ।**

### ਔਨਲਾਈਨ ਦਾਖ਼ਲਾ ਲਵੋ

26 ਅਕਤੂਬਰ ਨੂੰ ਸ਼ੁਰੂ ਕਰਦੇ ਹੋਏ, ਤੁਸੀਂ ਕੰਪਿਊਟਰ ਜਾਂ ਮੋਬਾਈਲ ਡਿਵਾਈਸ ਦੀ ਵਰਤੋਂ ਕਰਕੇ Alight ਪੋਰਟਲ ਰਾਹੀਂ ਨਾਮ ਦਰਜ ਕਰਵਾ ਸਕਦੇ ਹੋ। ਤੁਰੰਤ ਪਹੁੰਚ ਲਈ ਇਹਨਾਂ QR ਕੋਡਾਂ ਨੂੰ ਸਕੈਨ ਕਰੋ:

Alight ਪੋਰਟਲ 'ਤੇ ਜਾਣ ਲਈ ਸਕੈਨ ਕਰੋ

Apple App Store ਵਿੱਚ Alight ਪੋਰਟਲ ਐਪ ਡਾਊਨਲੋਡ ਕਰੋ

Google Play ਵਿੱਚ Alight ਪੋਰਟਲ ਐਪ ਡਾਊਨਲੋਡ ਕਰੋ

### ਫ਼ੋਨ 'ਤੇ ਦਾਖ਼ਲਾ ਲਵੋ

ਖੁੱਲ੍ਹੇ ਦਾਖ਼ਲੇ (Open Enrollment) ਦੌਰਾਨ, ਤੁਸੀਂ ਇੱਕ Alight ਦੇ ਗਾਹਕ ਦੇਖਭਾਲ ਪ੍ਰਤਿਨਿਧੀ (Customer Care Representative) ਨਾਲ ਗੱਲ ਕਰ ਸਕਦੇ ਹੋ। ਉਹ ਅਨੁਵਾਦ ਵਿੱਚ ਮਦਦ ਕਰ ਸਕਦੇ ਹਨ, ਫ਼ੋਨ 'ਤੇ ਤੁਹਾਡਾ ਨਾਮ ਲਾਭਾਂ ਵਿੱਚ ਦਰਜ ਕਰਵਾ ਸਕਦੇ ਹਨ ਅਤੇ ਤੁਹਾਡੇ ਕਿਸੇ ਵੀ ਹੋਰ ਸਵਾਲਾਂ ਦੇ ਜਵਾਬ ਦੇ ਸਕਦੇ ਹਨ।

**ਅਜਿਹੇ ਸਮੇਂ 'ਤੇ ਅਪਾਇੰਟਮੈਂਟ ਬੁੱਕ ਕਰੋ ਜੋ ਤੁਹਾਡੇ ਲਈ ਸਭ ਤੋਂ ਸਹੀ ਹੈ**

ਕਾਲ ਕਰੋ: **1-800-455-2587,** ਵਿਕਲਪ 1, ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਤੋਂ ਸ਼ਾਮ 9 ਵਜੇ ਅਮਰੀਕੀ ਈਸਟਰਨ ਸਮੇਂ (ET) ਅਨੁਸਾਰ।

### ਮਹੱਤਵਪੂਰਨ:

ਕੋਈ ਆਟੋਮੈਟਿਕ ਰੋਲਓਵਰ ਨਹੀਂ ਹੈ—
ਜੇਕਰ ਤੁਸੀਂ ਇਸ ਸਾਲ ਦਾਖ਼ਲਾ ਨਹੀਂ ਕਰਵਾਉਂਦੇ ਹੋ, ਤਾਂ ਤੁਹਾਡੇ ਕੋਲ 2027 ਵਿੱਚ Rich's ਦੀ ਕਵਰੇਜ ਨਹੀਂ ਹੋਵੇਗੀ।

